Australian Government
Services Australia

PUNJABI

# ਨਵੇਂ ਆਏ ਵਸਨੀਕਾਂ ਵਾਸਤੇ ਉਡੀਕ ਦੀਆਂ ਮਿਆਦਾਂ

**ਜੇ ਤੁਸੀਂ ਹਾਲ ਹੀ ਵਿੱਚ ਆਸਟ੍ਰੇਲੀਆ ਪਹੁੰਚੇ ਹੋ, ਤਾਂ ਸਾਡੇ ਜ਼ਿਆਦਾਤਰ ਆਮਦਨ ਸਹਾਇਤਾ ਭੁਗਤਾਨਾਂ ਅਤੇ ਜ਼ਿਆਦਾਤਰ ਪਰਿਵਾਰਕ ਭੁਗਤਾਨਾਂ ਨੂੰ ਹਾਸਲ ਕਰਨ ਤੋਂ ਪਹਿਲਾਂ ਤੁਹਾਨੂੰ ਆਮ ਤੌਰ 'ਤੇ ਕੁਝ ਸਮੇਂ ਲਈ ਉਡੀਕ ਕਰਨੀ ਪਵੇਗੀ।**

## ਉਡੀਕ ਦੀ ਮਿਆਦ

ਉਡੀਕ ਦੀ ਮਿਆਦ ਤੁਹਾਡੇ 'ਤੇ ਲਾਗੂ ਹੋਵੇਗੀ ਭਾਂਵੇਂ ਤੁਹਾਡੇ ਪਰਿਵਾਰ ਦਾ ਕੋਈ ਜੀਅ ਇੱਥੇ ਰਹਿ ਰਿਹਾ ਹੋਵੇ। ਇਹ ਉਡੀਕ ਦੀ ਮਿਆਦ ਉਸ ਸਮੇਂ ਨੂੰ ਧਿਆਨ ਵਿੱਚ ਰੱਖੇਗੀ ਜੋ ਤੁਸੀਂ ਸਥਾਈ ਵੀਜ਼ੇ ਦੇ ਨਾਲ ਇੱਕ ਵਸਨੀਕ ਵਜੋਂ ਆਸਟ੍ਰੇਲੀਆ ਵਿੱਚ ਬਿਤਾਇਆ ਹੈ।

ਇਸ ਉਡੀਕ ਦੀ ਮਿਆਦ ਦੇ ਦੌਰਾਨ, ਤੁਸੀਂ ਕੰਮ ਲੱਭਣ ਵਿੱਚ ਮਦਦ ਕਰਨ ਲਈ Workforce Australia ਜਾਂ Remote Australia Employment Service ਕੋਲ ਨਾਮ ਦਰਜ ਕਰਵਾ ਸਕਦੇ ਹੋ। ਤੁਸੀਂ ਸਾਡੇ ਸੇਵਾ ਕੇਂਦਰਾਂ ਵਿੱਚ ਉਪਲਬਧ ਰੁਜ਼ਗਾਰ ਸਵੈ-ਸਹਾਇਤਾ ਵਾਲੀਆਂ ਸਹੂਲਤਾਂ ਦੀ ਵਰਤੋਂ ਵੀ ਕਰ ਸਕਦੇ ਹੋ।

## ਉਡੀਕ ਦੀ ਮਿਆਦ ਵਿੱਚ ਛੋਟਾਂ

ਹੋ ਸਕਦਾ ਹੈ ਕਿ Newly Arrived Resident’s Waiting Period ਹਮੇਸ਼ਾ ਲਾਗੂ ਨਾ ਹੋਵੇ। ਉਦਾਹਰਨ ਲਈ, ਜੇ ਤੁਸੀਂ Australia’s Humanitarian Programme ਅਧੀਨ ਇੱਕ ਸ਼ਰਨਾਰਥੀ ਵਜੋਂ ਪਹੁੰਚਦੇ ਹੋ।

## ਵਧੇਰੇ ਜਾਣਕਾਰੀ ਲਈ

- ਅੰਗਰੇਜ਼ੀ ਵਿੱਚ ਵਧੇਰੇ ਜਾਣਕਾਰੀ ਵਾਸਤੇ **servicesaustralia.gov.au/newresidentswaiting** ਉੱਤੇ ਜਾਓ।
- **servicesaustralia.gov.au/yourlanguage** 'ਤੇ ਜਾਓ ਜਿੱਥੇ ਤੁਸੀਂ ਆਪਣੀ ਭਾਸ਼ਾ ਵਿੱਚ ਵੀਡੀਓ ਦੇਖ ਸਕਦੇ ਹੋ ਜਾਂ ਜਾਣਕਾਰੀ ਪੜ੍ਹ ਅਤੇ ਸੁਣ ਸਕਦੇ ਹੋ।
- Centrelink ਭੁਗਤਾਨਾਂ ਅਤੇ ਸੇਵਾਵਾਂ ਵਾਸਤੇ, ਸਾਡੇ ਨਾਲ ਆਪਣੀ ਭਾਸ਼ਾ ਵਿੱਚ ਗੱਲ ਕਰਨ ਲਈ 131 202 'ਤੇ ਫ਼ੋਨ ਕਰੋ। ਜਦੋਂ ਤੁਸੀਂ ਸਾਨੂੰ ਫ਼ੋਨ ਕਰਦੇ ਹੋ ਤਾਂ ਤੁਹਾਨੂੰ ਆਪਣੇ Customer Reference Number (CRN) ਦੀ ਲੋੜ ਹੁੰਦੀ ਹੈ। ਜੇ ਤੁਸੀਂ ਆਪਣਾ CRN ਦਾਖ਼ਲ ਨਹੀਂ ਕਰਦੇ ਜਾਂ ਨਹੀਂ ਜਾਣਦੇ ਹੋ, ਤਾਂ ਤੁਸੀਂ ਰਿਕਾਰਡਿੰਗ ਨੂੰ ਅੰਗਰੇਜ਼ੀ ਵਿੱਚ 3 ਵਾਰ ਬੋਲਦੇ ਸੁਣੋਗੇ। ਤੀਸਰੀ ਵਾਰ ਤੋਂ ਬਾਅਦ, ਆਵਾਜ਼ ਕਹੇਗੀ , 'What language please?'। ਆਪਣੀ ਭਾਸ਼ਾ ਦਾ ਨਾਮ ਬੋਲੋ ਅਤੇ ਤੁਹਾਨੂੰ ਕਿਸੇ ਅਜਿਹੇ ਵਿਅਕਤੀ ਨਾਲ ਜੋੜ ਦਿੱਤਾ ਜਾਵੇਗਾ ਜੋ ਤੁਹਾਡੀ ਭਾਸ਼ਾ ਬੋਲਦਾ ਹੈ।
- Medicare ਵਾਸਤੇ 132 011 ਨੂੰ ਅਤੇ Child Support ਵਾਸਤੇ 131 272 ਨੂੰ ਫ਼ੋਨ ਕਰੋ। ਸਾਨੂੰ ਦੱਸੋ ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਅਤੇ ਅਸੀਂ ਇਸ ਦਾ ਮੁਫ਼ਤ ਵਿੱਚ ਪ੍ਰਬੰਧ ਕਰਾਂਗੇ।
- ਸੇਵਾ ਕੇਂਦਰ ਵਿਖੇ ਜਾਓ।

ਨੋਟ: ਤੁਹਾਡੇ ਘਰ ਵਾਲੇ ਫ਼ੋਨ ਤੋਂ ਆਸਟ੍ਰੇਲੀਆ ਵਿੱਚ ਕਿਤੇ ਵੀ '13' ਨੰਬਰਾਂ ਤੱਕ ਕੀਤੀਆਂ ਕਾਲਾਂ ਵਾਸਤੇ ਇਕ ਨਿਸ਼ਚਿਤ ਦਰ ਉੱਤੇ ਲਾਗਤ ਲਈ ਜਾਂਦੀ ਹੈ। ਇਹ ਦਰ ਕਿਸੇ ਸਥਾਨਕ ਕਾਲ ਦੀ ਕੀਮਤ ਨਾਲੋਂ ਵੱਖਰੀ ਹੋ ਸਕਦੀ ਹੈ ਅਤੇ ਟੈਲੀਫ਼ੋਨ ਸੇਵਾ ਪ੍ਰਦਾਤਿਆਂ ਦੇ ਵਿਚਕਾਰ ਵੀ ਵੱਖ-ਵੱਖ ਹੋ ਸਕਦੀ ਹੈ। ਤੁਹਾਡੇ ਘਰ ਦੇ ਫ਼ੋਨ ਤੋਂ '1800' ਨੰਬਰਾਂ ਨੂੰ ਕੀਤੀਆਂ ਕਾਲਾਂ ਮੁਫ਼ਤ ਹਨ। ਜਨਤਕ ਅਤੇ ਮੋਬਾਈਲ ਫੋਨਾਂ ਤੋਂ ਕੀਤੀਆਂ ਕਾਲਾਂ ਦਾ ਸਮਾਂ ਮਾਪਿਆ ਜਾ ਸਕਦਾ ਹੈ ਅਤੇ ਉੱਚੀ ਦਰ 'ਤੇ ਫ਼ੀਸ ਲਈ ਜਾ ਸਕਦੀ ਹੈ।

## ਬੇਦਾਅਵਾ

ਇਸ ਪ੍ਰਕਾਸ਼ਨ ਵਿਚਲੀ ਜਾਣਕਾਰੀ ਦਾ ਉਦੇਸ਼ ਕੇਵਲ ਭੁਗਤਾਨਾਂ ਅਤੇ ਸੇਵਾਵਾਂ ਵਾਸਤੇ ਇਕ ਗਾਈਡ ਵਜੋਂ ਹੈ। ਇਹ ਫ਼ੈਸਲਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਕੀ ਤੁਸੀਂ ਕਿਸੇ ਭੁਗਤਾਨ ਵਾਸਤੇ ਅਰਜ਼ੀ ਦੇਣ ਦੀ ਇੱਛਾ ਕਰਦੇ ਹੋ ਜਾਂ ਨਹੀਂ ਅਤੇ ਤੁਹਾਡੇ ਵਿਸ਼ੇਸ਼ ਹਾਲਾਤਾਂ ਦੇ ਸਬੰਧ ਵਿੱਚ ਕੋਈ ਅਰਜ਼ੀ ਦੇਣਾ ਚਾਹੁੰਦੇ ਹੋ।

Australian Government
Services Australia

ENGLISH

# Waiting periods for newly arrived residents

If you recently arrived in Australia, you will generally have to wait some time before you can get most of our income support payments and most family payments.

## Waiting period

A waiting period will apply to you even if you have a family member living here. This waiting period will consider any time you have spent in Australia as a resident with a permanent visa.

During this waiting period, you can register with Workforce Australia or the Remote Australia Employment Service to help find work. You can also use the employment self-help facilities available in our service centres.

## Exemptions to the waiting period

The Newly Arrived Resident's Waiting Period may not always apply. For example, if you arrive as a refugee under Australia's Humanitarian Programme.

## For more information

- Go to **servicesaustralia.gov.au/newresidentswaiting** for more information in English.
- Go to **servicesaustralia.gov.au/yourlanguage** where you can read, listen to or watch videos with information in your language.
- For Centrelink payments and services, call **131 202** to speak with us in your language. You need your Customer Reference Number (CRN) when you call us. If you don't enter or know your CRN, you will hear the recording speak 3 times in English. After the third time, the voice will say 'What language please?'. Say your language and you will be connected with someone who speaks your language.
- Call **132 011** for Medicare and **131 272** for Child Support. Let us know if you need an interpreter, and we will arrange one for free.
- Visit a service centre.

Note: calls from your home phone to '13' numbers from anywhere in Australia are charged at a fixed rate. That rate may vary from the price of a local call and may also vary between telephone service providers. Calls to '1800' numbers from your home phone are free. Calls from public and mobile phones may be timed and charged at a higher rate.

## Disclaimer

The information contained in this publication is intended only as a guide to payments and services. It's your responsibility to decide if you wish to apply for a payment and to make an application with regard to your particular circumstances.